# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕੰਟਰੋਲਰ (ਪ੍ਰੀਖਿਆਵਾਂ) ਦਫ਼ਤਰ

ਨੰ. 3493 /ਸੀ.ਓ.ਈ.
ਮਿਤੀ 05/10/2020

**ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,**
**ਸਮੂਹ ਕੰਸਟੀਚਿਊਟ ਕਾਲਜ/ਨੇਬਰਹੁੱਡ ਕੈਂਪਸ/ਰਿਜ਼ਨਲ ਸੈਂਟਰ ਅਤੇ**
**ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ਼/ਕੋਆਰਡੀਨੇਟਰ ਸਾਹਿਬਾਨ,**

ਵੱਖ-ਵੱਖ ਕੋਰਸਾਂ ਦੇ ਉਹ ਵਿਦਿਆਰਥੀ ਜੋ ਆਪਣੇ ਕਲਾਸ/ਕੋਰਸ ਦੇ ਈਵਨ ਸਮੈਸਟਰ ਲਈ ਮਈ, 2020 ਦੀ ਪ੍ਰੀਖਿਆ ਲਈ ਪ੍ਰੀਖਿਆ ਫਾਰਮ ਅਤੇ ਫੀਸ ਸਮੇਂ-ਸਿਰ ਨਹੀਂ ਭਰ ਸਕੇ ਸਨ ਅਤੇ ਇਹ ਪ੍ਰੀਖਿਆਵਾਂ ਦੇਣ ਤੋਂ ਵਾਂਝੇ ਰਹਿ ਗਏ ਹਨ ਜਾਂ ਪ੍ਰਮੋਟ ਹੋਣੋ ਰਹਿ ਗਏ ਹਨ, ਦੀ ਮੰਗ ਨੂੰ ਮੁਖ ਰੱਖਦਿਆਂ ਅਤੇ ਉਹਨਾਂ ਦੇ ਭਵਿੱਖ ਦੇ ਮੱਦੇ-ਨਜ਼ਰ ਯੂਨੀਵਰਸਿਟੀ ਵਲੋਂ ਫੈਸਲਾ ਕੀਤਾ ਗਿਆ ਹੈ ਕਿ ਇਨ੍ਹਾਂ ਵਿਦਿਆਰਥੀਆਂ ਨੂੰ ਪ੍ਰੀਖਿਆ ਦੇਣ ਲਈ ਇੱਕ ਮੌਕਾ ਦਿੱਤਾ ਜਾਵੇ। ਅਜਿਹੇ ਰੈਗੂਲਰ/ਪ੍ਰਾਈਵੇਟ/ਡਿਸਟੈਂਸ ਐਜੂਕੇਸ਼ਨ ਅਤੇ ਰੀ-ਅਪੀਅਰ ਵਿਦਿਆਰਥੀ ਜੋ ਇਸ ਮੌਕੇ ਦਾ ਲਾਭ ਲੈਣਾ ਚਾਹੁੰਦੇ ਹਨ, ਅਕਾਦਮਿਕ ਸੈਸ਼ਨ 2019-2020 ਦੇ even ਸਮੈਸਟਰ ਦੀ ਪ੍ਰੀਖਿਆ ਦੇਣ ਲਈ ਪ੍ਰੀਖਿਆ ਫਾਰਮ ਅਤੇ ਫੀਸ ਆਨਲਾਈਨ ਜਮ੍ਹਾਂ ਕਰਵਾ ਸਕਦੇ ਹਨ। ਜਿਨ੍ਹਾਂ ਵਿਦਿਆਰਥੀਆਂ ਦੇ ਪੂਰੇ ਪੇਪਰ ਜਾਂ ਰੀ-ਅਪੀਅਰ ਦੀ ਪ੍ਰੀਖਿਆ ਪਾਸ ਕਰਨ ਲਈ ਮੌਕਾ ਰਹਿੰਦਾ ਹੈ, ਉਹਨਾਂ ਦੁਆਰਾ ਪ੍ਰੀਖਿਆ ਫੀਸ + ਮੌਕਾ ਫੀਸ (20,000/-ਰੁਪਏ) ਭਰਨੀ ਹੋਵੇਗੀ। ਜਿਨ੍ਹਾਂ ਵਿਦਿਆਰਥੀ ਦੇ ਮਈ, 2020 ਦੀਆਂ ਪ੍ਰੀਖਿਆਵਾਂ ਵਿੱਚ ਪ੍ਰੀਖਿਆ ਦੇਣ ਦੇ ਮੌਕੇ ਖ਼ਤਮ ਹੋ ਗਏ ਹਨ, ਅਜਿਹੇ ਵਿਦਿਆਰਥੀਆਂ ਨੂੰ ਪ੍ਰੀਖਿਆ ਫੀਸ + ਮੌਕਾ ਫੀਸ (20,000/-ਰੁਪਏ)+ ਬਣਦੇ ਸਪੈਸ਼ਲ ਚਾਂਸ ਦੀ ਫ਼ੀਸ ਭਰਨੀ ਹੋਵੇਗੀ। ਰੈਗੂਲਰ ਵਿਦਿਆਰਥੀ ਆਪਣੇ ਪ੍ਰੀਖਿਆ ਫਾਰਮ ਅਤੇ ਫੀਸ ਸਬੰਧਿਤ ਵਿਭਾਗ/ਕਾਲਜ ਰਾਹੀਂ ਭਰਨਗੇ। ਜੇਕਰ ਵਿਦਿਆਰਥੀ ਬਣਦੀ ਪੂਰੀ ਫ਼ੀਸ ਨਹੀਂ ਅਦਾ ਕਰਦਾ ਹੈ ਤਾਂ ਉਸਦਾ ਨਤੀਜਾ ਘੋਸ਼ਿਤ ਨਹੀਂ ਕੀਤਾ ਜਾਵੇਗਾ। ਸਾਰੇ ਵਿਦਿਆਰਥੀ ਆਪਣਾ ਪ੍ਰੀਖਿਆ ਫਾਰਮ ਅਤੇ ਫੀਸ ਯੂਨੀਵਰਸਿਟੀ ਵੈਬਸਾਈਟ ਤੇ ਮਿਤੀ 09.10.2020 ਨੂੰ ਸਵੇਰੇ 11.00 ਵਜੇ ਤੋਂ ਆਨਲਾਈਨ ਭਰ ਸਕਣਗੇ। ਸਾਰੇ ਵਿਦਿਆਰਥੀਆਂ ਲਈ ਪ੍ਰੀਖਿਆ ਫਾਰਮ ਅਤੇ ਬਣਦੀ ਪ੍ਰੀਖਿਆ ਫੀਸ ਭਰਨ ਲਈ ਅੰਤਿਮ ਮਿਤੀ 25 ਅਕਤੂਬਰ, 2020 ਤੱਕ ਨਿਰਧਾਰਿਤ ਕੀਤੀ ਗਈ ਹੈ। ਇਸ ਸਬੰਧੀ ਵਿਦਿਆਰਥੀਆਂ ਨੂੰ ਸੂਚਿਤ ਕਰ ਦਿੱਤਾ ਜਾਵੇ ਜੀ।

5/10/2020

ਕੰਟਰੋਲਰ (ਪ੍ਰੀਖਿਆਵਾਂ)
ਕੰਟਰੋਲਰ (ਪਰੀਖਿਆਵਾਂ)
ਪੰਜਾਬੀ ਯੂਨੀਵਰਸਿਟੀ,
ਪਟਿਆਲਾ.